# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**

**ਫੈਕਸ:0172-2624687 ਈ-ਮੇਲssapunjab@yahoo.com**


---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ

ਮੀਮੋ ਨੰ: ਏ.ਐਸ.ਪੀ.ਡੀ(ਮੀਡੀਆ)ਐਸ.ਐਸ.ਏ/2010/67082-67101
ਮਿਤੀ ਚੰਡੀਗੜ੍ਹ 28.10.2010

**ਵਿਸ਼ਾ:- ਪੜ੍ਹੋ ਪੰਜਾਬ ਟੀਮ ਤੋਂ ਪੜ੍ਹੋ ਪੰਜਾਬ ਤੋਂ ਇਲਾਵਾ ਹੋਰ ਕੰਮ ਨਾ ਲੈਣ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਪੜ੍ਹੋ ਪੰਜਾਬ ਟੀਮ ਤੋਂ ਕਈ ਵਾਰ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਜਾਂ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਵੱਲੋਂ ਆਪਣੀ ਪੱਧਰ ਤੇ ਉਹਨਾਂ ਦੀਆਂ ਡਿਊਟੀਆਂ ਸਿੱਖਿਆ ਅੰਦਰ ਗੁਣਵੱਤਾ ਪੱਖੋਂ ਚਲਾਏ ਗਏ ਪੜ੍ਹੋ ਪੰਜਾਬ ਪ੍ਰੋਜੈਕਟ ਦੀ ਥਾਂ ਹੋਰਾਂ ਖੇਤਰਾਂ ਅੰਦਰ ਲਗਾ ਦਿੱਤੀਆਂ ਜਾਂਦੀਆਂ ਹਨ। ਇਸ ਨਾਲ ਪ੍ਰੋਜੈਕਟ ਦਾ ਕੰਮ ਪ੍ਰਭਾਵਿਤ ਹੁੰਦਾ ਹੈ ਅਤੇ ਨਿਰਧਾਰਤ ਟੀਚੇ ਪੂਰੇ ਕਰਨੇ ਸੰਭਵ ਨਹੀਂ ਹੋ ਸਕਣਗੇ। ਸੋ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪੜ੍ਹੋ ਪੰਜਾਬ ਦੀ ਸਮੁੱਚੀ ਟੀਮ ਤੋਂ ਸਕੂਲਾਂ ਅੰਦਰ ਪੜ੍ਹਾਈ ਲਿਖਾਈ ਸਬੰਧੀ ਮੁਨੀਟਰਿੰਗ ਕੰਮਾਂ ਤੋਂ ਇਲਾਵਾ ਹੋਰ ਕੰਮਾਂ ਅੰਦਰ ਕਿਸੇ ਵੀ ਹਾਲਤ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਜਾਂ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਆਪਣੀ ਪੱਧਰ ਤੇ ਡਿਊਟੀ ਨਾ ਲਗਾਉਣ। ਜੇਕਰ ਅਜਿਹਾ ਹੁੰਦਾ ਹੈ ਤਾਂ ਸਬੰਧਤ ਅਧਿਕਾਰੀ ਖਿਲਾਫ਼ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ

**ਪਿੱਠ ਅੰਕਣ ਨੰ: ਉਕਤ** 67102 **ਮਿਤੀ** 28.10.2010

**ਉਤਾਰਾ:** (1) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ (ਵੈੱਬਸਾਇਟ ਰਾਹੀਂ)
(2) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ